


# ਫੂਡ ਡਿਲੀਵਰੀ ਰਾਈਡਰ (ਚਾਲਕ) - ਤੁਹਾਨੂੰ ਸੁਰੱਖਿਅਤ ਰੱਖਣਾ

## SAFEWORK NSW

Food Delivery Riders – Keeping you safe

**ਇਹ ਦਸਤਾਵੇਜ਼ ਇਸ ਗਲ ਦਾ ਸਾਰ ਪ੍ਰਦਾਨ ਕਰਦਾ ਹੈ ਕਿ ਮੰਚ, ਫੂਡ ਆਊਟਲੇਟਜ਼ ਅਤੇ ਸਵਾਰੀਆਂ ਨੂੰ ਸੁਰੱਖਿਅਤ ਰਹਿਣ ਲਈ ਕੀ ਕਰਨਾ ਚਾਹੀਦਾ ਹੈ।**

Punjabi

# ਇਸ ਮੰਚ ਦਾ ਦੇਖਭਾਲ ਕਰਨ ਦਾ ਫਰਜ਼

ਇਸ ਮੰਚ ਦੀਆਂ, *'ਇੱਕ ਵਿਅਕਤੀ ਦੀ ਤਰ੍ਹਾਂ ਜੋ ਇੱਕ ਵਪਾਰ ਜਾਂ ਜ਼ਿੰਮੇਵਾਰੀ ਨਿਭਾਉਂਦਾ ਹੈ (PCBU)' NSW Work Health and Safety Act 2011 (The Act)* ਦੇ ਅਧੀਨ ਕੁਝ ਖਾਸ ਜ਼ਿੰਮੇਵਾਰੀਆਂ ਹਨ।

ਇਸ ਮੰਚ ਦਾ ਸਭ ਤੋਂ ਮਹੱਤਵਪੂਰਨ ਫਰਜ਼ ਕਾਮਿਆਂ ਦੀ 'ਦੇਖਭਾਲ ਕਰਨਾ' ਹੈ ਜਿਨ੍ਹਾਂ ਨੂੰ ਉਹ ਨੌਕਰੀ ਦਿੰਦੇ ਹਨ। ਇਸ ਦਾ ਮਤਲਬ ਹੈ ਕਿ ਇਸ ਮੰਚ ਦਾ ਫਰਜ਼ ਹੈ, ਜਿਥੋਂ ਤੱਕ ਵਾਜਬ ਤੌਰ 'ਤੇ ਵਿਹਾਰਕ ਹੋ ਸੱਕੇ, ਮੰਚ ਦੇ ਐਪ ਦੀ ਵਰਤੋਂ ਕਰਦੇ ਹੋਏ ਕੰਮ ਕਰਨ ਵਾਲੇ ਸਾਰੇ ਸਵਾਰਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਸਬੰਧੀ ਉਪਰਾਲੇ ਕਰਨੇ।

ਇਹ ਇਥੇ ਕੋਈ ਵੀ ਮਾਇਨੇ ਨਹੀਂ ਰੱਖਦਾ ਕਿ ਤੁਸੀਂ ਇੱਕ ਕਰਮਚਾਰੀ ਹੋ, ਇੱਕ ਅਜ਼ਾਦ ਠੇਕੇਦਾਰ, ਜਾਂ ਇੱਕ ਠੇਕੇਦਾਰ ਦੇ ਕਰਮਚਾਰੀ, ਤੁਹਾਨੂੰ ਇੱਕ ਕਾਮਾ ਜਾਂ 'ਵਰਕਰ' ਮੰਨਿਆ ਜਾਂਦਾ ਹੈ ਕਿਉਂਕਿ ਤੁਸੀਂ ਜੋ ਕੰਮ ਕਰਦੇ ਹੋ ਉਹ ਮੰਚ ਦੁਆਰਾ ਪ੍ਰਭਾਵਿਤ ਜਾਂ ਨਿਰਦੇਸ਼ਿਤ ਹੁੰਦਾ ਹੈ।

# ਮੰਚਾਂ ਨੂੰ ਕੀ ਕਰਨਾ ਚਾਹੀਦਾ ਹੈ

ਮੰਚ ਨੂੰ ਤੁਹਾਡੀ ਸਿਹਤ ਅਤੇ ਸੁਰੱਖਿਆ ਨੂੰ ਇਨ੍ਹਾਂ ਦੁਆਰਾ ਯਕੀਨੀ ਬਣਾਉਣਾ ਚਾਹੀਦਾ ਹੈ:

**ਡਿਜ਼ਾਈਨਿੰਗ ਦਾ ਕੰਮ ਤਾਂ ਜੋ ਇਹ ਸੁਰੱਖਿਅਤ ਢੰਗ ਨਾਲ ਕੀਤਾ ਜਾ ਸਕੇ**

ਇਸ ਮੰਚ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੋਖਮਾਂ ਨੂੰ (ਖਤਮ) ਜਾਂ ਨਿਯੰਤਰਿਤ ਕੀਤਾ ਗਿਆ ਹੈ। ਇਸ ਵਿੱਚ ਐਪ ਦੀਆਂ ਡਲਿਵਰੀ ਪ੍ਰਕਿਰਿਆਵਾਂ ਸ਼ਾਮਲ ਹਨ ਜਿਹੜੀਆਂ ਤੁਹਾਡੀ ਸਿਹਤ ਅਤੇ ਸੁਰੱਖਿਆ ਲਈ ਖਤਰਾ ਪੈਦਾ ਕਰ ਸਕਦੀਆਂ ਹਨ, ਉਦਾਹਰਣ ਵਜੋਂ, ਕਦੋਂ ਅਤੇ ਕਿਸ ਤਰ੍ਹਾਂ ਤੁਹਾਨੂੰ ਐਪ ਤੱਕ ਪਹੁੰਚ ਕਰਨ ਦੀ ਲੋੜ ਹੋਵੇ ਅਤੇ ਇਹ ਯਕੀਨੀ ਬਣਾਉਣਾ ਕਿ ਡਲਿਵਰੀ ਦਾ ਸਮਾਂ ਔਸਤ ਚਾਲਕ ਦੀ ਰਫਤਾਰ ਅਤੇ ਪੂਰਵ -ਅਨੁਮਾਨਿਤ ਟ੍ਰੈਫ਼ਿਕ ਦੀਆਂ ਸਥੀਤੀਆਂ 'ਤੇ ਅਧਾਰਿਤ ਹੈ।

## ਇੱਕ ਸੁਰੱਖਿਅਤ ਕੰਮ ਕਰਨ ਵਾਲਾ ਵਾਤਾਵਰਣ ਪ੍ਰਦਾਨ ਕਰਨਾ

ਮੰਚ ਨੀਤੀਆਂ ਅਤੇ ਪ੍ਰਕਿਰਿਆਵਾਂ ਨੂੰ ਲਾਗੂ ਕਰਨਗੇ ਜੋ ਤੁਹਾਡੇ ਕੰਮ ਕਰਨ ਵਾਲੇ ਵਾਤਾਵਰਣ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਇਹਨਾਂ ਨੀਤੀਆਂ ਵਿੱਚ ਗਿਲੇ ਮੌਸਮ ਦੀਆਂ ਨੀਤੀਆਂ, ਰੂਟਿੰਗ ਐਪਸ ਬਾਰੇ ਸਲਾਹ ਅਤੇ ਸੁਰੱਖਿਅਤ ਰੂਟ ਸ਼ਾਮਲ ਹੋ ਸਕਦੇ ਹਨ।

## ਪੱਕਾ ਕਰਨਾ ਕਿ ਤੁਸੀਂ ਠੀਕ ਸਾਜ਼ੋ ਸਮਾਨ ਦੀ ਵਰਤੋਂ ਕਰਦੇ ਹੋ

ਇਨ੍ਹਾਂ ਮੰਚਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੋ ਵਾਹਨ ਤੁਸੀਂ ਵਰਤਦੇ ਹੋ ਉਹ ਉਸ ਨੌਕਰੀ ਲਈ ਢੁੱਕਵੀਂ ਅਤੇ ਸੁਰੱਖਿਅਤ ਹੈ, ਤੁਸੀਂ ਉਸ ਵਾਹਨ ਦੀ ਵਰਤੋਂ ਬਾਰੇ ਸਿਖਲਾਈ ਪ੍ਰਾਪਤ ਕੀਤੀ ਹੈ ਅਤੇ ਤੁਹਾਨੂੰ ਉਸ ਵਾਹਨ ਦੀ ਵਰਤੋਂ ਅਤੇ ਸੰਭਾਲ ਬਾਰੇ ਜਾਣਕਾਰੀ ਹੈ ਅਤੇ ਇਹ ਯਕੀਨੀ ਬਣਾਉਣਾ ਕਿ ਉਹ NSW ਦੀਆਂ ਜਨਤਕ ਸੜਕਾਂ ‘ਤੇ ਵਰਤਣ ਲਈ ਢੁੱਕਵੀਂ ਅਤੇ ਸੁਰੱਖਿਅਤ ਹੈ।



## ਨਿੱਜੀ ਸੁਰੱਖਿਅਤ ਸਾਜ਼ੋ ਸਮਾਨ ਪ੍ਰਦਾਨ ਕਰਨਾ (PPE)

ਮੰਚ ਨੂੰ ਤੁਹਾਨੂੰ ਉਹ ਲੋੜੀਂਦਾ ਸਾਜ਼ੋ-ਸਮਾਨ ਪ੍ਰਦਾਨ ਕਰਨ ਦੀ ਲੋੜ ਹੈ ਜਿਹੜਾ ਤੁਹਾਨੂੰ ਆਪਣਾ ਕੰਮ ਸੁਰੱਖਿਅਤ ਢੰਗ ਨਾਲ ਕਰਨ ਲਈ ਚਾਹੀਦਾ ਹੈ। ਇਸ ਵਿੱਚ ਇੱਕ ਹਾਈ-ਵਿਜ਼ਿਬਿਲਟੀ ਵੈਸਟ (hi-visibility vest) ਕਮੀਜ਼ ਜਾਂ ਜੈਕਟ ਸ਼ਾਮਲ ਹਨ ਜੋ ਕੰਮ 'ਤੇ ਪਹਿਨਣ ਲਈ ਰਾਤ ਅਤੇ ਦਿਨ ਦੋਵਾਂ ਸਮਿਆ ਲਈ ਢੁੱਕਵੇਂ ਹਨ ਅਤੇ ਇੱਕ ਡਲਿਵਰੀ ਬੈਗ ਜੋ ਇਸ ਨੌਕਰੀ ਲਈ ਢੁੱਕਵਾਂ ਹੈ ਅਤੇ ਹਾਈ- ਵਿਜ਼ਿਬਿਲਟੀ ਗੁਣਾ ਵਾਲਾ ਹੈ। PPE ਵਿੱਚ ਬਾਈਕ ਸੇਫਟੀ ਗੀਅਰ ਸ਼ਾਮਲ ਨਹੀਂ ਹੁੰਦਾ, ਜਿਵੇਂ ਕਿ ਹੈਲਮਟ, ਜਿਸ ਦੀ ਤੁਹਾਨੂੰ ਸ NSW ਵਿੱਚ ਜਨਤਕ ਸੜਕਾਂ 'ਤੇ ਸਵਾਰੀ ਹੋਣ ਸਮੇਂ ਲੋੜ ਹੈ।

## ਜਾਣਕਾਰੀ ਅਤੇ ਟਰੇਨਿੰਗ ਪ੍ਰਦਾਨ ਕਰਨੀ

ਮੰਚ ਨੂੰ ਤੁਹਾਨੂੰ ਉਹ ਜਾਣਕਾਰੀ, ਸਿਖਲਾਈ ਅਤੇ ਹਿਦਾਇਤ ਪ੍ਰਦਾਨ ਕਰਨੀ ਚਾਹੀਦੀ ਹੈ ਜਿਸਦੀ ਤੁਹਾਨੂੰ ਕੰਮ ਸੁਰੱਖਿਅਤ ਢੰਗ ਨਾਲ ਕਰਨ ਦੀ ਲੋੜ ਹੈ। ਤੁਹਾਡੇ ਕੰਮ ਨੂੰ ਪੂਰਾ ਕਰਨ ਤੋਂ ਪਹਿਲਾਂ ਉਹਨਾਂ ਨੂੰ ਇਹ ਕਰਨਾ ਚਾਹੀਦਾ ਹੈ। ਇਸ ਵਿੱਚ  ਇਸ ਬਾਰੇ ਜਾਣਕਾਰੀ ਅਤੇ ਟਰੇਨਿੰਗ ਸਬੰਧੀ ਜਾਣਕਾਰੀ ਸ਼ਾਮਲ ਹੈ:

- **ਆਮ ਸੜਕ ਸੁਰੱਖਿਆ ਅਤੇ ਸੜਕਾਂ** ਸੰਬੰਧਿਤ ਕਾਨੂੰਨ ਜੋ ਵਾਹਨ ਦੀ ਕਿਸਮ, ਸੁਰੱਖਿਅਤ ਸਵਾਰੀ, ਅਭਿਆਸਾਂ, ਵਾਹਨ ਦੀਆਂ ਪੂਰਵ-ਸ਼ੁਰੂਆਤੀ ਜਾਂਚਾਂ, ਰੱਖ-ਰਖਾਅ ਜਾਂਚਾਂ, ਵਾਹਨ ਦੀ ਕਿਸਮ, ਸੁਰੱਖਿਅਤ ਸਵਾਰੀ ਅਭਿਆਸਾਂ, ਵਾਹਨਾਂ ਦੀਆਂ ਪੂਰਵ-ਸ਼ੁਰੂਆਤੀ ਜਾਂਚਾਂ, ਰੱਖ-ਰਖਾਅ ਜਾਂਚਾਂ, ਸੜਕ ਦੇ ਆਮ ਖਤਰਿਆਂ ਅਤੇ ਗਿੱਲੇ ਮੌਸਮ ਅਤੇ 'ਡੋਰਿੰਗ' ਵਰਗੀਆਂ ਸਥਿਤੀਆਂ।
- **ਸੰਕਟ ਅਤੇ ਥਕਾਵਟ ਦੇ ਪ੍ਰਬੰਧਨ** ਸਮੇਤ ਕੰਮ ਦੇ ਘੰਟੇ ਅਤੇ ਥਕਾਵਟ ਦਾ ਪ੍ਰਬੰਧ ਕਰਨਾ, ਬਹੁਤ ਸਾਰੇ ਐਪਸ ਦੀ ਵਰਤੋਂ, ਨਸ਼ੀਲੇ ਪਦਾਰਥਾਂ ਅਤੇ ਨਸ਼ੇ ਦੀ ਵਰਤੋਂ, ਦਵਾਈਆਂ, ਡਾਕਟਰੀ ਸਮੱਸਿਆਵਾਂ ਅਤੇ ਇਨ੍ਹਾਂ ਦਾ ਵਰਕਪਲੇਸ ਸੇਫਟੀ 'ਤੇ  ਪ੍ਰਭਾਵ।
- **ਨਿੱਜੀ ਸੁਰ੍ਖਿਅਤ ਉਪਕਰਨ** (PPE) ਦਾ ਪ੍ਰਬੰਧ ਅਤੇ ਉਚਿਤ ਪੀਪੀ ਈ ਦੀ ਚੋਣ, ਜਿਸ ਵਿੱਚ PPE ਦੀ ਢੁੱਕਵੀਂ ਅਤੇ ਸਹੀ ਵਰਤੋਂ ਸ਼ਾਮਲ ਹੈ।
- **WHS ਡਿਊਟੀਆਂ ਜ਼ਿੰਮੇਵਾਰੀਆਂ** ਇਹ ਯਕੀਨੀ ਬਣਾਉਣ ਲਈ ਕਿ ਤੁਸੀਂ ਜਾਣਦੇ ਹੋ ਕਿ ਤੁਹਾਨੂੰ ਸੁਰੱਖਿਅਤ ਰੱਖਣ ਲਈ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਤੁਹਾਨੂੰ ਕੀ ਕਰਨ ਦੀ ਲੋੜ ਹੈ।

### ਸਹੂਲਤਾਂ ਤੱਕ ਪਹੁੰਚ ਪ੍ਰਦਾਨ ਕਰਨੀ

ਮੰਚ ਨੂੰ ਇਸ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ ਕਿ ਜਨਤਕ ਪਖਾਨੇ ਕਿਥੇ ਸਥਿਤ ਹਨ, ਤੁਸੀਂ ਆਪਣੀਆਂ ਪੀਣ ਵਾਲੀਆਂ ਬੋਤਲਾਂ ਕਿਥੋਂ ਭਰ ਸਕਦੇ ਹੋ ਅਤੇ ਫਸਟ ਏਡ ਤੱਕ ਪਹੁੰਚ ਕਿਵੇਂ ਕਰ ਸਕਦੇ ਹੋ।

### ਕੰਮ ਦੇ ਸਥਾਨ ਦੀ ਨਿਗਰਾਨੀ

ਮੰਚ ਵਿੱਚ ਕੰਮ ਵਾਲੀ ਥਾਂ ਦੀ ਨਿਗਰਾਨੀ ਕਰਨ ਅਤੇ ਜੋਖਮਾਂ 'ਤੇ ਨਿਗਰਾਨੀ ਰੱਖਣ ਲਈ ਕੋਈ ਸਿਸਟਮ ਸਥਾਪਤ ਕੀਤਾ ਹੋਣਾ ਚਾਹੀਦਾ ਹੈ ਤਾਂ ਜੋ ਸੱਟ ਅਤੇ ਬਿਮਾਰੀ ਨੂੰ ਰੋਕਣ ਲਈ ਕਾਰਵਾਈ ਕੀਤੀ ਜਾ ਸੱਕੇ। ਇਸ ਵਿੱਚ ਤੁਹਾਡੇ ਲਈ ਘਟਨਾਵਾਂ ਅਤੇ ਨੀਅਰ ਮਿਸਅਸ (near misses) ਜਿਸ ਵਿੱਚ ਹੋਰ ਖਤਰਿਆਂ ਦੀ ਰੀਪੋਰਟ ਕਰਨ ਲਈ ਸਿਸਟਮ ਅਤੇ ਨਾਲ ਹੀ ਉਹ ਖਤਰੇ ਸ਼ਾਮਲ ਹਨ ਜੋ ਨੁਕਸਾਨ ਪਹੁੰਚਾਉਣ ਦੀ ਸੰਭਾਵਨਾ ਰੱਖਦੇ ਹਨ।

**ਨੋਟ:** ਜੇ ਕਰ ਤੁਸੀਂ ਆਪਣਾ ਖਾਤਾ ਕਿਸੇ ਹੋਰ ਚਾਲਕ ਨੂੰ ਸੌਂਪਦੇ ਹੋ ਤਾਂ ਤੁਸੀਂ PCBU, ਦੇ ਕੁਝ ਫਰਜਾਂ ਨੂੰ ਮੰਨ ਅਪਣਾ ਸਕਦੇ ਹੋ, ਉਦਾਹਰਣ ਵਜੋਂ ਸਿਖਲਾਈ ਅਤੇ ਜਾਣਕਾਰੀ, PPE ਦੀ ਸਪਲਾਈ।

## ਭੋਜਨ ਆਉਟਲੈਟਜ਼ ਨੂੰ ਕੀ ਕਰਨਾ ਚਾਹੀਦਾ ਹੈ

ਇੱਕ ਭੋਜਨ ਆਉਟਲੈਟ ਇੱਕ PCBU ਵੀ ਹੁੰਦੀ ਹੈ। ਉਹਨਾਂ ਦੀ ਆਪਣੇ ਕਾਮਿਆਂ ਅਤੇ ਉਹਨਾਂ ਦੇ ਅਹਾਤੇ ਤੋਂ ਡਲਿਵਰੀ ਚੁੱਕਣ ਵਾਲਿਆਂ ਦੀ ਦੇਖਭਾਲ ਕਰਨ ਦਾ ਫਰਜ਼ ਹੁੰਦਾ ਹੈ। ਉਹਨਾਂ ਦਾ ਤੁਹਾਡੇ ਸਬੰਧੀ ਇਹ ਫਰਜ਼ ਹੈ, ਜਿਸ ਹੱਦ ਤੱਕ ਉਹ ਤੁਹਾਡੇ ਕੰਮ ਨੂੰ ਨਿਰਦੇਸ਼ਤ ਜਾਂ ਪ੍ਰਭਾਵਿਤ ਕਰਦੇ ਹਨ ।

ਉਡੀਕ ਕਰਨ ਵਾਲੀ ਜਗ੍ਹਾ ਅਤੇ ਡਲਿਵਰੀ ਕਿਵੇਂ ਪੈਕ ਕੀਤੀ ਜਾਂਦੀ ਹੈ ਕੁਝ ਚੀਜਾਂ ਹਨ ਜੋ ਆਉਟਲੈਟ ਨੂੰ ਯਕੀਨੀ ਬਣਾਉਣੀਆਂ ਚਾਹੀਦੀਆਂ ਹਨ ਕਿ ਉਹ ਜੋਖਮਾਂ ਤੋਂ ਮੁਕਤ ਹਨ।

## ਚਾਲਕ ਦੀਆਂ ਜ਼ਿੰਮੇਵਾਰੀਆਂ

ਇਕ ਫੂਡ ਡਲਿਵਰੀ ਚਾਲਕ ਦੇ ਰੂਪ ਵਿੱਚ, ਤੁਸੀਂ ਮੰਚ ਅਤੇ ਫੂਡ ਆਊਟਲੈਟਜ਼ ਦੇ ਨਾਲ, ਉਨ੍ਹਾਂ ਜੋਖਮਾਂ ਦੇ ਪ੍ਰਬੰਧਨ ਵਿੱਚ ਇੱਕ ਭੂਮਿਕਾ ਨਿਭਾਉਂਦੇ ਹੋ ਜਿਨ੍ਹਾਂ ਦਾ ਤੁਸੀਂ ਆਪਣੇ ਹਰ ਰੋਜ਼ ਦੇ ਕੰਮ ਵਿੱਚ ਸਾਹਮਣਾ ਕਰਦੇ ਹੋ। ਤੁਹਾਨੂੰ ਇਹ ਕਰਨਾ ਪਵੇਗਾ:

- ਆਪਣੀ ਸਿਹਤ ਅਤੇ ਸੁਰੱਖਿਆ ਦਾ ਧਿਆਨ ਰੱਖੋ।
- ਧਿਆਨ ਰੱਖੋ ਕਿ ਤੁਸੀਂ ਕੰਮ ਵਾਲੀ ਥਾਂ 'ਤੇ ਹੋਰ ਕਰਮਚਾਰੀਆਂ ਜਾਂ ਜਨਤਾ ਦੇ ਮੈਂਬਰਾਂ ਸਮੇਤ ਦੂਜਿਆਂ ਨੂੰ ਕੋਈ ਵੀ ਨੁਕਸਾਨ ਨਹੀਂ ਪਹੁੰਚਾਓਗੇ।
- ਮੰਚ ਵਲੋਂ ਦਿੱਤੀ ਗਈ ਕਿਸੇ ਵੀ ਹਿਦਾਇਤ ਨਾਲ ਜਿਥੇ ਵੀ ਵਾਜਬ ਹੋ ਸੱਕੇ, ਉਸ ਦੀ ਪਾਲਣਾ ਕਰੋ।
- ਕਿਸੇ ਵੀ ਸਿਹਤ ਅਤੇ ਸੁਰੱਖਿਆ ਨੀਤੀ ਜਾਂ ਪ੍ਰਕਿਰਿਆ ਨਾਲ ਸਹਿਯੋਗ ਕਰਨਾ ਜਿਸ ਬਾਰੇ ਮੰਚ ਨੇ ਚਾਲਕਾਂ ਨੂੰ ਸੂਚਿਤ ਕੀਤਾ ਹੈ।

## ਚਾਂਲਕ ਦੇ ਹੱਕ

ਜੇ ਤੁਹਾਨੂੰ ਚਿੰਤਾਵਾਂ ਹਨ ਕਿ ਤੁਹਾਨੂੰ ਤੁਹਾਡੀ ਸਿਹਤ ਅਤੇ ਸੁਰੱਖਿਆ ਸਬੰਧੀ ਤੁਰੰਤ ਅਤੇ ਗੰਭੀਰ ਖਤਰਿਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਤੁਹਾਨੂੰ ਕੰਮ ਬੰਦ ਕਰਨ ਜਾਂ ਕੰਮ ਕਰਨ ਤੋਂ ਇਨਕਾਰ ਕਰਨ ਦਾ ਅਧਿਕਾਰ ਹੈ। ਤੁਹਾਨੂੰ ਮੰਚ ਨੂੰ ਦੱਸਣਾ ਚਾਹੀਦਾ ਹੈ ਕਿ ਤੁਸੀਂ ਕੰਮ ਬੰਦ ਕਰ ਦਿੱਤਾ ਹੈ ਅਤੇ ਢੁੱਕਵੇਂ ਵਿਕਲਪਕ ਕੰਮ ਕਰਨ ਲਈ ਉਪਲਬਧ ਹੋ।

ਕਾਨੂੰਨ ਦੇ ਤਹਿਤ ਆਪਣੇ ਅਧੀਕਾਰਾਂ ਦੀ ਵਰਤੋਂ ਕਰਨ ਦੀ ਮੰਗ ਕਰਨ ਲਈ ਕਿਸੇ ਚਾਲਕ ਦੇ ਵਿਰੁਧ ਕੋਈ ਵੀ ਵਿਤਕਰਾ, ਜਾਂ ਉਹਨਾਂ ਨੂੰ ਆਪਣੇ ਅਧਿਕਾਰਾਂ ਦੀ ਵਰਤੋਂ ਨਾਂ ਕਰਨ ਲਈ ਮਜਬੂਰ ਕਰਨ ਦੀ ਕੋਈ ਵੀ ਕੋਸ਼ਿਸ਼ ਵਰਜਿਤ ਹੈ ਅਤੇ ਕਾਨੂੰਨ ਦੇ ਤਹਿਤ ਇੱਕ ਜ਼ੁਰਮ ਹੈ।

## ਸਲਾਹ ਮਸ਼ਵਰਾ

ਮੰਚ ਦਾ ਫਰਜ਼ ਬਣਦਾ ਹੈ ਕਿ ਉਹ ਤੁਹਾਡੇ ਜਾਂ ਤੁਹਾਡੇ ਪ੍ਰਤੀਨਿੱਧੀ ਨਾਲ ਮਾਮਲੇ ਸਬੰਧੀ ਸਲਾਹ ਮਸ਼ਵਰਾ ਕਰੇ ਜਿਹੜਾ ਤੁਹਾਡੀ ਸਿਹਤ ਅਤੇ ਸੁਰੱਖਿਆ ਨੂੰ ਸਿੱਧੇ ਤੌਰ 'ਤੇ ਪ੍ਰਭਾਵਿਤ ਕਰਨ ਦੀ ਸੰਭਾਵਨਾ ਰੱਖਦਾ ਹੋਵੇ। ਉਨ੍ਹਾਂ ਨੂੰ ਸਲਾਹ ਲੈਣੀ ਚਾਹੀਦੀ ਹੈ:

- ਚਾਲਕਾਂ ਦੀ ਸਿਹਤ ਅਤੇ ਸੁਰੱਖਿਆ ਨੂੰ ਪ੍ਰਭਾਵਿਤ ਕਰਨ ਵਾਲੇ ਕਿਸੇ ਬਦਲਾਅ ਦਾ ਪ੍ਰਸਤਾਵ ਕਰਨ ਸਮੇ, ਅਤੇ
- ਸਲਾਹ ਮਸ਼ਵਰੇ, ਮੁੱਦੇ ਦੇ ਹੱਲ, ਨਿਗਰਾਨੀ, ਅਤੇ ਚਾਲਕਾਂ ਨੂੰ ਜਾਣਕਾਰੀ ਪ੍ਰਦਾਨ ਕਰਨ ਦੀਆਂ ਪ੍ਰਕਿਰਿਆਵਾਂ ਬਾਰੇ ਫੈਂਸਲੇ ਲੈਣ ਵੇਲੇ।

ਮੰਚ ਚਾਲਕਾਂ ਨਾਲ ਵਿਚਾਰ ਵਟਾਦਰੇ ਵਿੱਚ, ਉਹਨਾਂ ਦੇ ਚਾਲਕਾਂ ਅਤੇ ਕੰਮ ਵਾਲੀ ਥਾਂ ਦੀ ਪ੍ਰਕਿਰਤੀ ਦੇ ਅਨੁਕੂਲ ਸਲਾਹ ਮਸ਼ਵਰੇ ਦੇ ਪ੍ਰਬੰਧ ਸਥਾਪਤ ਕਰ ਸਕਦਾ ਹੈ।

ਜੇ ਕਿਸੇ ਚਾਲਕ ਦੁਆਰਾ ਬੇਨਤੀ ਕੀਤੀ ਜਾਂਦੀ ਹੈ, ਤਾਂ ਮੰਚ ਨੂੰ ਉਹਨਾਂ ਚਾਲਕਾਂ ਨਾਲ ਕਾਮਿਆਂ ਦੇ ਧੜ (work groups) ਸਥਾਪਤ ਕਰਨੇ ਚਾਹੀਦੇ ਹਨ, ਜਿਨ੍ਹਾਂ ਦਾ ਮਕਸਦ ਉਨ੍ਹਾਂ ਕਾਮਿਆਂ ਦੇ ਧੜ ਲਈ ਸਿਹਤ ਅਤੇ ਸੁਰੱਖਿਆ ਪ੍ਰਤੀਨਿੱਧੀ (HSRs) ਦੀ ਚੋਣ ਕਰਨੀ ਹੁੰਦੀ ਹੈ।

ਚੁਣੇ ਹੋਏ (HSRs) ਕੋਲ ਕਾਨੂੰਨ ਦੇ ਅਧੀਂਨ ਵਿਆਪਕ ਸ਼ਕਤੀਆਂ ਹਨ, ਜਿਨ੍ਹਾਂ ਵਿੱਚ ਸ਼ਾਮਲ ਹਨ:

- ਉਹਨਾਂ ਥਾਵਾਂ ਦੀ ਜਾਂਚ ਕਰਨ ਦੇ ਅਧਿਕਾਰ ਜਿਥੇ ਕੰਮ ਕੀਤਾ ਜਾਂਦਾ ਹੈ;
- ਕੰਮ ਦੀ ਸਿਹਤ ਅਤੇ ਸੁਰੱਖਿਆ ਜਾਣਕਾਰੀ ਪ੍ਰਾਪਤ ਕਰਨ ਲਈ, ਅਤੇ
- ਖਤਰਨਾਕ ਕੰਮ ਰੋਕਣ ਲਈ ਨਿਰਦੇਸ਼ਿਤ ਕਰਨਾ।

ਇਕ ਵਾਰ HSR ਨੂੰ ਸਿਖਲਾਈ ਦਿੱਤੀ ਗਈ ਹੋਵੇ, ਉਹ ਅਸਥਾਈ ਸੁਧਾਰ ਨੋਟਿਸ ਜਾਰੀ ਕਰ ਸਕਦੇ ਹਨ ਜਿਥੇ ਉਂਨ੍ਹਾਂ ਨੂੰ ਕਾਨੂੰਨ ਦੀ ਉਲੰਘਣਾ ਦਾ ਪਤਾ ਲੱਗੇ।

# ਵਧੇਰੇ ਜਾਣਕਾਰੀ ਲਈ, ਵੇਖੋ:

**ਕੰਮ ਸਿਹਤ ਅਤੇ ਸੁਰੱਖਿਆ**

**SafeWork NSW**

*ਭੋਜਨ ਡਲਿਵਰੀ ਉਦਯੋਗ ਵਿੱਚ ਕੰਮ ਦੀ ਸਿਹਤ ਅਤੇ ਸੁਰੱਖਿਆ ਦੇ ਪ੍ਰਬੰਧਨ ਲਈ ਇੱਕ ਗਾਈਡ*

ਵੈਬਸਾਈਟ: www.safework.nsw.gov.au

ਫੋਨ: 13 10 50

**ਸੜਕਾਂ ‘ਤੇ ਸੁਰੱਖਿਆ**

**NSW ਲਈ ਟਰਾਂਸਪੋਰਟ**

ਵੈਬਸਾਈਟ: www.roadsafety.transport.nsw.gov.au

SW09432 1121